# ਨਕਲ ਬੈਲਟ

**Yolo ਕਾਊਂਟੀ**

**8 ਨਵੰਬਰ, 2022, ਆਮ ਚੋਣਾਂ**



**ਖੇਤਰ 46**

7846 v0

4ਵਾਂ ਕਾਂਗਰਸ ਜ਼ਿਲ੍ਹਾ

3ਜਾ ਸਟੇਟ ਸੈਨੇਟ ਜ਼ਿਲ੍ਹਾ

4ਥਾ ਸਟੇਟ ਅਸੈਂਬਲੀ ਜ਼ਿਲ੍ਹਾ

## ਵੋਟਰਾਂ ਲਈ ਹਿਦਾਇਤਾਂ:

- **ਕਿਸੇ ਉਮੀਦਵਾਰ ਨੂੰ ਵੋਟ ਪਾਉਣ ਲਈ,** ਉਸ ਉਮੀਦਵਾਰ ਦੇ ਨਾਮ ਦੇ ਅੱਗੇ ਦਿਤੇ ਬੌਕਸ ਨੂੰ ਪੂਰੀ ਤਰਹ੍ਹਾਂ ਭਰੋ। ਹਰੇਕ ਚੋਣ ਦੇ ਸਿਖਰ ਤੇ ਸੂਚੀਬੱਧ ਨੰਬਰ ਤੋਂ ਵੱਧ ਲਈ ਵੋਟ ਨਾ ਪਾਓ।
- **ਯੋਗਤਾ ਪ੍ਰਾਪਤ ਰਾਈਟ-ਇਨ ਉਮੀਦਵਾਰ ਨੂੰ ਵੋਟ ਪਾਉਣ ਲਈ,** ਪ੍ਰਦਾਨ ਕੀਤੀ ਗਈ ਯੋਗਤਾ ਪ੍ਰਾਪਤ ਰਾਈਟ-ਇਨ ਲਾਈਨ ਦੇ ਅੱਗੇ ਦਿਤੇ ਬੌਕਸ ਨੂੰ ਪੂਰੀ ਤਰਹ੍ਹਾਂ ਭਰੋ ਅਤੇ ਉਸ ਉਮੀਦਵਾਰ ਦਾ ਨਾਮ ਉਸ ਲਾਈਨ 'ਤੇ ਲਿਖੋ।
- **ਕਿਸੇ ਵਿਧੇਅਕ 'ਤੇ ਵੋਟ ਪਾਉਣ ਲਈ,** ਸ਼ਬਦ "ਹਾਂ" ਜਾਂ "ਨਹੀ" ਦੇ ਅੱਗੇ ਦਿੱਤੇ ਬੌਕਸ ਨੂੰ ਪੂਰੀ ਤਰਹ੍ਹਾਂ ਭਰੋ।
- **ਜੇ ਤੁਸੀ ਕੋਈ ਗਲਤੀ ਕਰ ਦਿੰਦੇ ਹੋ,** ਤਾਂ ਤੁਸੀ ਕਿਸੇ ਵੋਟ ਕੇਂਦਰ ਤੋਂ ਨਵਾਂ ਬੈਲਟ ਪ੍ਰਾਪਤ ਕਰ ਸਕਦੇ ਹੋ ਜਾਂ ਹਿਦਾਇਤਾਂ ਲਈ ਵੋਟਰਾਂ ਦੇ ਰਜਿਸਟਰਾਰ ਦੇ ਦਫ਼ਤਰ ਨੂੰ (800) 649-9943 'ਤੇ ਕਾੱਲ ਕਰ ਸਕਦੇ ਹੋ।

### ਵੋਟਰ ਦੁਆਰਾ ਨਾਮਜ਼ਦ ਅਤੇ ਗੈਰ-ਪੱਖਪਾਤੀ ਅਹੁਦੇ:

ਸਾਰੇ ਵੋਟਰ, ਭਾਵੇਂ ਉਹਨਾਂ ਨੇ ਰਜਿਸਟਰੇਸ਼ਨ 'ਤੇ ਕੋਈ ਵੀ ਪਾਰਟੀ ਪਸੰਦਗੀ ਜਾਹਰ ਕੀਤੀ ਹੋਵੇ, ਜਾਂ ਪਾਰਟੀ ਪਸੰਦਗੀ ਜਾਹਰ ਕਰਨ ਤੋਂ ਇਨਕਾਰ ਕਰ ਦਿੱਤਾ ਹੋਵੇ, ਵੋਟਰ ਦੁਆਰਾ ਨਾਮਜ਼ਦ ਜਾਂ ਗੈਰ-ਪੱਖਪਾਤੀ ਅਹੁਦੇ ਲਈ ਵੋਟ ਪਾ ਸਕਦੇ ਹਨ। ਵੋਟਰ ਦੁਆਰਾ ਨਾਮਜ਼ਦ ਅਹੁਦੇ ਲਈ ਕਿਸੇ ਉਮੀਦਵਾਰ ਦੁਆਰਾ ਮਨੋਨੀਤ ਪਾਰਟੀ ਪਸੰਦਗੀ, ਜੇ ਕੋਈ ਹੋਵੇ, ਤਾਂ ਉਮੀਦਵਾਰ ਦੁਆਰਾ ਚੁਣੀ ਜਾਂਦੀ ਹੈ ਅਤੇ ਸਿਰਫ ਵੋਟਰਾਂ ਦੀ ਜਾਣਕਾਰੀ ਲਈ ਦਿਖਾਈ ਜਾਂਦੀ ਹੈ। ਇਸਦਾ ਇਹ ਮਤਲਬ ਨਹੀ ਹੈ ਕਿ ਉਮੀਦਵਾਰ ਨੂੰ ਪਾਰਟੀ ਦੁਆਰਾ ਨਾਮਜ਼ਦ ਜਾਂ ਤਸਦੀਕ ਕੀਤਾ ਗਿਆ ਹੈ ਜਾਂ ਪਾਰਟੀ ਉਸ ਉਮੀਦਵਾਰ ਨੂੰ ਪਰ੍ਵਾਨਗੀ ਦਿੰਦੀ ਹੈ। ਕਿਸੇ ਗੈਰ-ਪੱਖਪਾਤੀ ਅਹੁਦੇ ਲਈ ਉਮੀਦਵਾਰ ਦੀ ਪਾਰਟੀ ਪਸੰਦਗੀ, ਜੇ ਕੋਈ ਹੈ, ਤਾਂ ਬੈਲਟ 'ਤੇ ਦਿਖਾਈ ਨਹੀ ਦਿੰਦੀ ਹੈ।

### ਰਾਜ

#### ਗਵਰਨਰ
ਇੱਕ ਨੂੰ ਵੋਟ ਪਾਓ

- ☐ **GAVIN NEWSOM (ਗੈਵਿਨ ਨਿਊਸਮ)**
  *ਪਾਰਟੀ ਪਸੰਦਗੀ: ਡੈਮੋਕਰੇਟਿਕ*
  *ਕੈਲੀਫ਼ੋਰਨੀਆ ਦੇ ਗਵਰਨਰ*
- ☐ **BRIAN DAHLE (ਬਰਾਯਨ ਡਾਹਲੇ)**
  *ਪਾਰਟੀ ਪਸੰਦਗੀ: ਰਿਪਬਲਿਕਨ*
  *ਸੈਨੇਟਰ/ਕਿਸਾਨ*

#### ਲੈਫਟੀਨੈਂਟ ਗਵਰਨਰ
ਇੱਕ ਨੂੰ ਵੋਟ ਪਾਓ

- ☐ **ELENI KOUNALAKIS (ਐਲਿਨੀ ਕੋਨਾਲਾਕਿਸ)**
  *ਪਾਰਟੀ ਪਸੰਦਗੀ: ਡੈਮੋਕਰੇਟਿਕ*
  *ਲੈਫਟੀਨੈਂਟ ਗਵਰਨਰ*
- ☐ **ANGELA E. UNDERWOOD JACOBS (ਐਂਜੇਲਾ ਈ. ਅੰਡਰਵੁੱਡ ਜੇਕਬਸ)**
  *ਪਾਰਟੀ ਪਸੰਦਗੀ: ਰਿਪਬਲਿਕਨ*
  *ਕਾਰੋਬਾਰੀ ਮਹਿਲਾ/ਡਿਪਟੀ ਮੇਅਰ*

#### ਰਾਜ ਦੇ ਸਕੱਤਰ
ਇੱਕ ਨੂੰ ਵੋਟ ਪਾਓ

- ☐ **SHIRLEY N. WEBER (ਸ਼ਰਲੀ ਐਨ. ਵੈਬਰ)**
  *ਪਾਰਟੀ ਪਸੰਦਗੀ: ਡੈਮੋਕਰੇਟਿਕ*
  *ਨਿਯੁਕਤ ਕੀਤੀ ਗਈ ਕੈਲੀਫ਼ੋਰਨੀਆ ਰਾਜ ਸਕੱਤਰ*
- ☐ **ROB BERNOSKY (ਰੌਬ ਬਰਨੌਸਕੀ)**
  *ਪਾਰਟੀ ਪਸੰਦਗੀ: ਰਿਪਬਲਿਕਨ*
  *ਮੁੱਖ ਵਿੱਤ ਅਧਿਕਾਰੀ*

#### ਕੰਟਰੋਲਰ
ਇੱਕ ਨੂੰ ਵੋਟ ਪਾਓ

- ☐ **LANHEE J. CHEN (ਲੈਨਹੀ ਜੇ. ਚੈੱਨ)**
  *ਪਾਰਟੀ ਪਸੰਦਗੀ: ਰਿਪਬਲਿਕਨ*
  *ਵਿੱਤੀ ਸਲਾਹਕਾਰ/ਸਿੱਖਿਅਕ*
- ☐ **MALIA M. COHEN (ਮਾਲਿਆ ਐਮ. ਕੋਹਨ)**
  *ਪਾਰਟੀ ਪਸੰਦਗੀ: ਡੈਮੋਕਰੇਟਿਕ*
  *ਕੈਲੀਫ਼ੋਰਨੀਆ ਰਾਜ ਦੇ ਸਮਾਨਤਾ ਬੋਰਡ ਦੀ ਮੈਂਬਰ*

#### ਖਜ਼ਾਨਚੀ
ਇੱਕ ਨੂੰ ਵੋਟ ਪਾਓ

- ☐ **JACK M. GUERRERO (ਜੈੱਕ ਐਮ. ਗੁਰੇਰੋ)**
  *ਪਾਰਟੀ ਪਸੰਦਗੀ: ਰਿਪਬਲਿਕਨ*
  *ਕੌਂਸਲ ਮੈਂਬਰ/ਪਰਮਾਣਿਤ ਜਨਤਕ ਲੇਖਾਕਾਰ (CPA)/ਅਰਥ ਸ਼ਾਸਤਰੀ*
- ☐ **FIONA MA (ਫਿਓਨਾ ਮਾ)**
  *ਪਾਰਟੀ ਪਸੰਦਗੀ: ਡੈਮੋਕਰੇਟਿਕ*
  *ਰਾਜ ਖਜ਼ਾਨਚੀ/ਪਰਮਾਣਿਤ ਜਨਤਕ ਲੇਖਾਕਾਰ (CPA)*

#### ਅਟਾਰਨੀ ਜਨਰਲ
ਇੱਕ ਨੂੰ ਵੋਟ ਪਾਓ

- ☐ **NATHAN HOCHMAN (ਨੇਥਨ ਹੋਕਮੇਨ)**
  *ਪਾਰਟੀ ਪਸੰਦਗੀ: ਰਿਪਬਲਿਕਨ*
  *ਜਨਰਲ ਸਲਾਹਕਾਰ*
- ☐ **ROB BONTA (ਰੌਬ ਬੋਨਤਾ)**
  *ਪਾਰਟੀ ਪਸੰਦਗੀ: ਡੈਮੋਕਰੇਟਿਕ*
  *ਕੈਲੀਫ਼ੋਰਨੀਆ ਰਾਜ ਦੇ ਨਿਯੁਕਤ ਕੀਤੇ ਗਏ ਅਟਾਰਨੀ ਜਨਰਲ*

#### ਬੀਮਾ ਕਮਿਸ਼ਨਰ
ਇੱਕ ਨੂੰ ਵੋਟ ਪਾਓ

- ☐ **RICARDO LARA (ਰਿਕਾਰਡੋ ਲਾਰਾ)**
  *ਪਾਰਟੀ ਪਸੰਦਗੀ: ਡੈਮੋਕਰੇਟਿਕ*
  *ਬੀਮਾ ਕਮਿਸ਼ਨਰ*
- ☐ **ROBERT HOWELL (ਰੌਬਰਟ ਹਾਵੈੱਲ)**
  *ਪਾਰਟੀ ਪਸੰਦਗੀ: ਰਿਪਬਲਿਕਨ*
  *ਸਾਈਬਰ ਸੁਰੱਖਿਆ ਉਪਕਰਣ ਨਿਰਮਾਤਾ*

#### ਮੈਂਬਰ, ਰਾਜ ਸਮਾਨਤਾ ਬੋਰਡ 1ਲਾ ਜ਼ਿਲ੍ਹਾ
ਇੱਕ ਨੂੰ ਵੋਟ ਪਾਓ

- ☐ **JOSE S. ALTAMIRANO (ਹੋਜ਼ੇ ਐਸ. ਅਲਟਾਮਿਰਾਨੋ)**
  *ਪਾਰਟੀ ਪਸੰਦਗੀ: ਡੈਮੋਕਰੇਟਿਕ*
  *ਕਾਰੋਬਾਰੀ ਸੰਚਾਲਨ ਮੈਨੇਜਰ*
- ☐ **TED GAINES (ਟੈੱਡ ਗੇਨਸ)**
  *ਪਾਰਟੀ ਪਸੰਦਗੀ: ਰਿਪਬਲਿਕਨ*
  *ਸਮਾਨਤਾ ਬੋਰਡ ਦੇ ਮੈਂਬਰ*

**ਇਸ ਬੈਲਟ 'ਤੇ ਅਮਰੀਕੀ ਸੈਨੇਟ ਦੇ ਦੋ ਚੋਣ-ਮੁਕਾਬਲੇ ਮੌਜੂਦ ਹਨ।**

**- ਇੱਕ 3 ਜਨਵਰੀ, 2029 ਨੂੰ ਖਤਮ ਹੋਣ ਵਾਲੀ ਨੇਮੀ 6-ਸਾਲ ਦੀ ਮਿਆਦ ਲਈ**
**- ਇੱਕ 3 ਜਨਵਰੀ, 2023 ਨੂੰ ਖਤਮ ਹੋਣ ਵਾਲੀ ਮੌਜੂਦਾ ਮਿਆਦ ਦੇ ਬਾਕੀ ਬਚੇ ਸਮੇਂ ਲਈ**

**ਤੁਸੀ ਦੋਵਾਂ ਚੋਣ-ਮੁਕਾਬਲਿਆਂ ਲਈ ਵੋਟ ਪਾ ਸਕਦੇ ਹੋ।**

### ਸੰਯੁਕਤ ਰਾਜ ਅਮਰੀਕਾ ਦਾ ਸੈਨੇਟਰ

#### ਸੰਯੁਕਤ ਰਾਜ ਅਮਰੀਕਾ ਦਾ ਸੈਨੇਟਰ ਪੂਰੀ ਮਿਆਦ
ਇੱਕ ਨੂੰ ਵੋਟ ਪਾਓ

- ☐ **MARK P. MEUSER (ਮਾਰਕ ਪੀ. ਮੀਯੂਸਰ)**
  *ਪਾਰਟੀ ਪਸੰਦਗੀ: ਰਿਪਬਲਿਕਨ*
  *ਸੰਵਿਧਾਨਕ ਅਟਾਰਨੀ*
- ☐ **ALEX PADILLA (ਐਲਕਸ ਪਡਿੱਆ)**
  *ਪਾਰਟੀ ਪਸੰਦਗੀ: ਡੈਮੋਕਰੇਟਿਕ*
  *ਸੰਯੁਕਤ ਰਾਜ ਅਮਰੀਕਾ ਦੇ ਨਿਯੁਕਤ ਕੀਤੇ ਗਏ ਸੈਨੇਟਰ*

#### ਸੰਯੁਕਤ ਰਾਜ ਅਮਰੀਕਾ ਦਾ ਸੈਨੇਟਰ ਅੰਸ਼ਕ/ਸਮਾਪਤ ਨਾ ਹੋਣ ਵਾਲੀ ਮਿਆਦ
ਇੱਕ ਨੂੰ ਵੋਟ ਪਾਓ

- ☐ **MARK P. MEUSER (ਮਾਰਕ ਪੀ. ਮੀਯੂਸਰ)**
  *ਪਾਰਟੀ ਪਸੰਦਗੀ: ਰਿਪਬਲਿਕਨ*
  *ਸੰਵਿਧਾਨਕ ਅਟਾਰਨੀ*
- ☐ **ALEX PADILLA (ਐਲਕਸ ਪਡਿੱਆ)**
  *ਪਾਰਟੀ ਪਸੰਦਗੀ: ਡੈਮੋਕਰੇਟਿਕ*
  *ਸੰਯੁਕਤ ਰਾਜ ਅਮਰੀਕਾ ਦੇ ਨਿਯੁਕਤ ਕੀਤੇ ਗਏ ਸੈਨੇਟਰ*

### ਸੰਯੁਕਤ ਰਾਜ ਅਮਰੀਕਾ ਦਾ ਨੁਮਾਇੰਦਾ

#### ਸੰਯੁਕਤ ਰਾਜ ਅਮਰੀਕਾ ਦਾ ਨੁਮਾਇੰਦਾ 4ਵਾਂ ਜ਼ਿਲ੍ਹਾ
ਇੱਕ ਨੂੰ ਵੋਟ ਪਾਓ

- ☐ **MIKE THOMPSON (ਮਾਇਕ ਥੌਮਸਨ)**
  *ਪਾਰਟੀ ਪਸੰਦਗੀ: ਡੈਮੋਕਰੇਟਿਕ*
  *ਕਾਂਗਰਸ ਦੇ ਮੈਂਬਰ*
- ☐ **MATT BROCK (ਮੈਟ ਬਰੌਕ)**
  *ਪਾਰਟੀ ਪਸੰਦਗੀ: ਰਿਪਬਲਿਕਨ*
  *ਵਾਟਰ ਯੂਟਿਲਿਟੀ ਸੁਪਰਵਾਈਜ਼ਰ*

### ਵਿਧਾਨ ਸਭਾ ਦੇ ਮੈਂਬਰ

#### ਵਿਧਾਨ ਸਭਾ ਦੇ ਮੈਂਬਰ 4ਥਾ ਜ਼ਿਲ੍ਹਾ
ਇੱਕ ਨੂੰ ਵੋਟ ਪਾਓ

- ☐ **CECILIA AGUIAR-CURRY (ਸਿਸਿਲਿਆ ਐਗੁਆਰ-ਕੱਰੀ)**
  *ਪਾਰਟੀ ਪਸੰਦਗੀ: ਡੈਮੋਕਰੇਟਿਕ*
  *ਵਿਧਾਨ ਸਭਾ ਦੀ ਮੈਂਬਰ/ਕਿਸਾਨ*
- ☐ **BRYAN PRITCHARD (ਬਰ੍ਯਾਯਨ ਪਿਰ੍ਟਚਾਰਡ)**
  *ਪਾਰਟੀ ਪਸੰਦਗੀ: ਰਿਪਬਲਿਕਨ*
  *ਵਾਈਨਮੇਕਰ/ਕਾਰੋਬਾਰ ਦੇ ਮਾਲਕ*

### ਨਿਆਂਇਕ

#### ਕੈਲੀਫ਼ੋਰਨੀਆ ਦੇ ਚੀਫ਼ ਜਸਟਿਸ ਲਈ

ਕੀ ਸੁਪਰੀਮ ਕੋਰਟ ਦੀ ਐਸੋਸੀਏਟ ਜਸਟਿਸ **PATRICIA GUERRERO (ਪਰ੍ਟੀਸ਼ਿਆ ਗੁਆਰੇਰੋ)** ਨੂੰ ਕਾਨੂੰਨ ਦੁਆਰਾ ਪ੍ਰਦਾਨ ਕੀਤੀ ਗਈ ਮਿਆਦ ਲਈ ਦਫ਼ਤਰ ਲਈ ਚੁਣਿਆ ਜਾਏਗਾ?

- ☐ **ਹਾਂ**
- ☐ **ਨਹੀ**

#### ਸੁਪਰੀਮ ਕੋਰਟ ਦੇ ਐਸੋਸੀਏਟ ਜਸਟਿਸ ਲਈ

ਕੀ ਸੁਪਰੀਮ ਕੋਰਟ ਦੇ ਐਸੋਸੀਏਟ ਜਸਟਿਸ **GOODWIN LIU (ਗੁਡਵਿਨ ਲਿਯੂ)** ਨੂੰ ਕਾਨੂੰਨ ਦੁਆਰਾ ਪ੍ਰਦਾਨ ਕੀਤੀ ਗਈ ਮਿਆਦ ਲਈ ਦਫ਼ਤਰ ਲਈ ਚੁਣਿਆ ਜਾਏਗਾ?

- ☐ **ਹਾਂ**
- ☐ **ਨਹੀ**

#### ਸੁਪਰੀਮ ਕੋਰਟ ਦੇ ਐਸੋਸੀਏਟ ਜਸਟਿਸ ਲਈ

ਕੀ ਸੁਪਰੀਮ ਕੋਰਟ ਦੇ ਐਸੋਸੀਏਟ ਜਸਟਿਸ **MARTIN J. JENKINS (ਮਾਰਟਿਨ ਜੇ. ਜੈਨਕਿਨਸ)** ਨੂੰ ਕਾਨੂੰਨ ਦੁਆਰਾ ਪ੍ਰਦਾਨ ਕੀਤੀ ਗਈ ਮਿਆਦ ਲਈ ਦਫ਼ਤਰ ਲਈ ਚੁਣਿਆ ਜਾਏਗਾ?

- ☐ **ਹਾਂ**
- ☐ **ਨਹੀ**

#### ਸੁਪਰੀਮ ਕੋਰਟ ਦੇ ਐਸੋਸੀਏਟ ਜਸਟਿਸ ਲਈ

ਕੀ ਸੁਪਰੀਮ ਕੋਰਟ ਦੇ ਐਸੋਸੀਏਟ ਜਸਟਿਸ **JOSHUA P. GROBAN (ਜੋਸ਼ੂਆ ਪੀ. ਗਰੋਬੇਨ)** ਨੂੰ ਕਾਨੂੰਨ ਦੁਆਰਾ ਪ੍ਰਦਾਨ ਕੀਤੀ ਗਈ ਮਿਆਦ ਲਈ ਦਫ਼ਤਰ ਲਈ ਚੁਣਿਆ ਜਾਏਗਾ?

- ☐ **ਹਾਂ**
- ☐ **ਨਹੀ**

#### ਐਸੋਸੀਏਟ ਜਸਟਿਸ, ਅਪੀਲ ਕੋਰਟ ਤੀਜੇ ਜ਼ਿਲ੍ਹੇ ਲਈ

ਕੀ ਐਸੋਸੀਏਟ ਜਸਟਿਸ **STACY BOULWARE EURIE (ਸਟੇਸੀ ਬੂਲਵੇਅਰ ਯੂਰੀ)** ਨੂੰ ਕਾਨੂੰਨ ਦੁਆਰਾ ਪ੍ਰਦਾਨ ਕੀਤੀ ਗਈ ਮਿਆਦ ਲਈ ਦਫ਼ਤਰ ਲਈ ਚੁਣਿਆ ਜਾਏਗਾ?

- ☐ **ਹਾਂ**
- ☐ **ਨਹੀ**

#### ਐਸੋਸੀਏਟ ਜਸਟਿਸ, ਅਪੀਲ ਕੋਰਟ ਤੀਜੇ ਜ਼ਿਲ੍ਹੇ ਲਈ

ਕੀ ਐਸੋਸੀਏਟ ਜਸਟਿਸ **LAURIE M. EARL (ਲੌਰੀ ਐਮ. ਅਰੱਲ)** ਨੂੰ ਕਾਨੂੰਨ ਦੁਆਰਾ ਪ੍ਰਦਾਨ ਕੀਤੀ ਗਈ ਮਿਆਦ ਲਈ ਦਫ਼ਤਰ ਲਈ ਚੁਣਿਆ ਜਾਏਗਾ?

- ☐ **ਹਾਂ**
- ☐ **ਨਹੀ**

#### ਐਸੋਸੀਏਟ ਜਸਟਿਸ, ਅਪੀਲ ਕੋਰਟਤੀਜੇ ਜ਼ਿਲ੍ਹੇ ਲਈ

ਕੀ ਐਸੋਸੀਏਟ ਜਸਟਿਸ **HARRY HULL (ਹੈਰੀ ਹੱਲ)** ਨੂੰ ਕਾਨੂੰਨ ਦੁਆਰਾ ਪ੍ਰਦਾਨ ਕੀਤੀ ਗਈ ਮਿਆਦ ਲਈ ਦਫ਼ਤਰ ਲਈ ਚੁਣਿਆ ਜਾਏਗਾ?

- ☐ **ਹਾਂ**
- ☐ **ਨਹੀ**

#### ਐਸੋਸੀਏਟ ਜਸਟਿਸ, ਅਪੀਲ ਕੋਰਟ ਤੀਜੇ ਜ਼ਿਲ੍ਹੇ ਲਈ

ਕੀ ਐਸੋਸੀਏਟ ਜਸਟਿਸ **PETER KRAUSE (ਪੀਟਰ ਕਰੌਸ)** ਨੂੰ ਕਾਨੂੰਨ ਦੁਆਰਾ ਪ੍ਰਦਾਨ ਕੀਤੀ ਗਈ ਮਿਆਦ ਲਈ ਦਫ਼ਤਰ ਲਈ ਚੁਣਿਆ ਜਾਏਗਾ?

- ☐ **ਹਾਂ**
- ☐ **ਨਹੀ**

# ਨਕਲ ਬੈਲਟ

**Yolo ਕਾਉਂਟੀ**
**8 ਨਵੰਬਰ, 2022, ਆਮ ਚੋਣਾਂ**



**ਖੇਤਰ 46**

7846 v0

**ਸਕੂਲ**

**ਜਨਤਕ ਹਿਦਾਇਤਾਂ ਦੇ ਨਿਗਰਾਨ**

ਇੱਕ ਨੂੰ ਵੋਟ ਪਾਓ

☐ **TONY K. THURMOND (ਟੋਨੀ ਕੇ. ਥਰਮੌਂਡ)**
*ਜਨਤਕ ਹਿਦਾਇਤਾਂ ਦੇ ਨਿਗਰਾਨ*

☐ **LANCE RAY CHRISTENSEN (ਲੈਂਸ ਰੇਅ ਕ੍ਰਾਇਸਟੈਨਸੇਨ)**
*ਸਿੱਖਿਆ ਪਾਲਿਸੀ ਕਾਰਜਕਾਰੀ*

☐ ਰਾਈਟ-ਇਨ

**Woodland Joint ਯੂਨੀਫਾਈਡ ਸਕੂਲ ਜ਼ਿਲ੍ਹਾ ਗਵਰਨਿੰਗ ਬੋਰਡ ਮੈਂਬਰ ਟਰੱਸਟੀ ਖੇਤਰ 6**

ਇੱਕ ਨੂੰ ਵੋਟ ਪਾਓ

☐ **MORGAN CHILDERS (ਮੌਰਗਨ ਚਿਲਡਰਸ)**
*ਅਹੁਦੇਦਾਰ*

☐ **GARRET WRIGHT (ਗੈਰੇਟ ਰਾਈਟ)**
*ਪਿਤਾ/ਸਿੰਚਾਈ ਕਰਮੀ*

☐ ਰਾਈਟ-ਇਨ

**ਸਿਟੀ**

**ਸਿਟੀ ਔਫ਼ Woodland ਮੈਂਬਰ, ਸ਼ਹਿਰੀ ਕੌਂਸਲ ਜ਼ਿਲ੍ਹਾ 1**

ਇੱਕ ਨੂੰ ਵੋਟ ਪਾਓ

☐ **RICH LANSBURGH (ਰਿੱਕ ਲੈਨੇਸਬਰੱਗ)**
*ਕੌਂਸਲ ਮੈਂਬਰ*

☐ ਰਾਈਟ-ਇਨ

**ਵੋਟਰਾਂ ਅੱਗੇ ਰੱਖੇ ਗਏ ਵਿਧੇਯਕ ਰਾਜ ਕੈਲੀਫ਼ੋਰਨੀਆ ਰਾਜ**

**ਪਰ੍ਸਤਾਵ 1**

**ਪਰ੍ਜਨਨ ਦੀ ਆਜ਼ਾਦੀ ਦਾ ਸੰਵਿਧਾਨਕ ਅਧਿਕਾਰ। ਕਾਨੂੰਨੀ ਸੰਵਿਧਾਨਕ ਸੰਸ਼ੋਧਨ।** ਕੈਲੀਫ਼ੋਰਨੀਆ ਦੇ ਸੰਵਿਧਾਨ ਵਿੱਚ ਸਪੱਸ਼ਟ ਤੌਰ 'ਤੇ ਪਰ੍ਜਨਨ ਦੀ ਆਜ਼ਾਦੀ ਦੇ ਕਿਸੇ ਵਿਅਕਤੀ ਦੇ ਬੁਨਿਆਦੀ ਅਧਿਕਾਰ ਨੂੰ ਸ਼ਾਮਲ ਕਰਨ ਲਈ ਸੰਸ਼ੋਧਨ ਕਰਦਾ ਹੈ, ਜਿਸ ਵਿੱਚ ਗਰਭਪਾਤ ਕਰਵਾਉਣ ਦੀ ਚੋਣ ਕਰਨ ਦਾ ਬੁਨਿਆਦੀ ਅਧਿਕਾਰ ਅਤੇ ਗਰਭ ਨਿਰੋਧਕ ਚੁਣਨ ਜਾਂ ਉਸ ਤੋਂ ਇਨਕਾਰ ਕਰਨ ਦਾ ਮੌਲਿਕ ਅਧਿਕਾਰ ਸ਼ਾਮਲ ਹੈ। ਇਹ ਸੰਸ਼ੋਧਨ ਕੈਲੀਫ਼ੋਰਨੀਆ ਦੇ ਸੰਵਿਧਾਨ ਦੇ ਤਹਿਤ ਨਿੱਜਤਾ ਅਤੇ ਬਰਾਬਰ ਦੀ ਸੁਰੱਖਿਆ ਦੇ ਮੌਜੂਦਾ ਅਧਿਕਾਰਾਂ ਨੂੰ ਘੱਟ ਜਾਂ ਸੀਮਤ ਨਹੀਂ ਕਰਦਾ ਹੈ। **ਮਾਲੀ ਪਰ੍ਭਾਵ:** ਕੋਈ ਪਰ੍ਤੱਖ ਮਾਲੀ ਪਰ੍ਭਾਵ ਨਹੀਂ ਕਿਉਂਕਿ ਪਰ੍ਜਨਨ ਅਧਿਕਾਰ ਪਹਿਲਾਂ ਹੀ ਰਾਜ ਦੇ ਕਾਨੂੰਨ ਦੁਆਰਾ ਸੁਰੱਖਿਅਤ ਹਨ।

☐ ਹਾਂ

☐ ਨਹੀਂ

**ਪਰ੍ਸਤਾਵ 26**

**ਕਬਾਇਲੀ ਜ਼ਮੀਨਾਂ 'ਤੇ ਵਿਅਕਤੀਗਤ ਰੂਲੇਟ, ਡਾਈਸ ਗੇਮਜ਼, ਖੇਡਾਂ ਤੇ ਸੱਟੇਬਾਜ਼ੀ ਕਰਨ ਦੀ ਇਜਾਜ਼ਤ ਦਿੰਦਾ ਹੈ। ਪਹਿਲ ਸੰਵਿਧਾਨਕ ਸੰਸ਼ੋਧਨ ਅਤੇ ਕਾਨੂੰਨ।** ਇਸਦੀ ਵੀ ਇਜਾਜ਼ਤ ਦਿੰਦਾ ਹੈ: ਕੁਝ ਘੁੜਦੌੜ ਟਰੈਕਾਂ 'ਤੇ ਖੇਡਾਂ ਤੇ ਸੱਟੇਬਾਜ਼ੀ ਕਰਨ; ਜੂਏਬਾਜ਼ੀ ਦੇ ਕੁਝ ਕਾਨੂੰਨਾਂ ਨੂੰ ਲਾਗੂ ਕਰਨ ਲਈ ਨਿੱਜੀ ਮੁਕੱਦਮੇ। ਮਾਲੀ ਆਮਦਨ ਨੂੰ ਜਨਰਲ ਫੰਡ, ਜੂਏ ਦੀ ਸਮੱਸਿਆ ਦੇ ਪਰ੍ਰੋਗਰਾਮਾਂ, ਲਾਗੂ ਕਰਨ ਲਈ ਨਿਰਦੇਸ਼ਿਤ ਕਰਦਾ ਹੈ। **ਮਾਲੀ ਪਰ੍ਭਾਵ:** ਰਾਜ ਦੀ ਮਾਲੀ ਆਮਦਨ ਵਿੱਚ ਵਾਧਾ, ਸੰਭਾਵਤ ਤੌਰ 'ਤੇ ਸਾਲਾਨਾ ਕਈ ਦਸਿਓ ਮਿਲੀਅਨ ਡਾਲਰਾਂ ਤੱਕ ਪਹੁੰਚਣਾ। ਇਹਨਾਂ ਵਿੱਚੋਂ ਕੁਝ ਮਾਲੀ ਆਮਦਨਾਂ ਰਾਜ ਦੇ ਵਧੇ ਹੋਏ ਨਿਯੰਤਰਕ ਅਤੇ ਇਸ ਨੂੰ ਲਾਗੂ ਕਰਨ ਦੇ ਖਰਚਿਆਂ ਦੀ ਭਰਪਾਈ ਕਰਨਗੇ ਜੋ ਸਾਲਾਨਾ ਕਈ ਦਸਿਓ ਮਿਲੀਅਨ ਡਾਲਰ ਦੇ ਹੇਠਲੇ ਪੱਧਰ ਤੱਕ ਪਹੁੰਚ ਸਕਦੇ ਹਨ।

☐ ਹਾਂ

☐ ਨਹੀਂ

**ਪਰ੍ਸਤਾਵ 27**

**ਕਬਾਇਲੀ ਜ਼ਮੀਨਾਂ ਤੋਂ ਬਾਹਰ ਔਨਲਾਈਨ ਅਤੇ ਮੋਬਾਇਲ ਖੇਡਾਂ ਤੇ ਸੱਟੇਬਾਜ਼ੀ ਕਰਨ ਦੀ ਇਜਾਜ਼ਤ ਦਿੰਦਾ ਹੈ।** ਪਹਿਲ ਸੰਵਿਧਾਨਕ ਸੰਸ਼ੋਧਨ ਅਤੇ ਕਾਨੂੰਨ। ਆਦਿਵਾਸੀ ਕਬੀਲਿਆਂ ਅਤੇ ਸੰਬੰਧਿਤ ਕਾਰੋਬਾਰਾਂ ਨੂੰ ਕਬਾਇਲੀ ਜ਼ਮੀਨਾਂ ਤੋਂ ਬਾਹਰ ਔਨਲਾਈਨ/ਮੋਬਾਈਲ ਖੇਡਾਂ ਤੇ ਸੱਟੇਬਾਜ਼ੀ ਦਾ ਸੰਚਾਲਨ ਕਰਨ ਦੀ ਇਜਾਜ਼ਤ ਦਿੰਦਾ ਹੈ। ਵਿਨਿਯਾਮਕ ਲਾਗਤਾਂ, ਬੇਘਰਪਣੇ ਦੇ ਪਰ੍ਰੋਗਰਾਮਾਂ, ਭਾਗੀਦਾਰੀ ਨਾ ਕਰਨ ਵਾਲੇ ਕਬੀਲਿਆਂ ਵੱਲ ਮਾਲੀਆ ਆਮਦਨ ਨੂੰ ਨਿਰਦੇਸ਼ਿਤ ਕਰਦਾ ਹੈ। **ਮਾਲੀ ਪਰ੍ਭਾਵ:** ਰਾਜ ਦੀ ਮਾਲੀਆ ਆਮਦਨ ਵਿੱਚ ਵਾਧਾ, ਸੰਭਵ ਤੌਰ 'ਤੇ ਸੈਂਕੜੇ ਮਿਲੀਅਨ ਡਾਲਰਾਂ ਵਿੱਚ ਪਰ ਸਾਲਾਨਾ $500 ਮਿਲੀਅਨ ਤੋਂ ਵੱਧ ਹੋਣ ਦੀ ਸੰਭਾਵਨਾ ਨਹੀਂ ਹੈ। ਕੁਝ ਮਾਲੀਆ ਆਮਦਨ ਰਾਜ ਦੇ ਨਿਯੰਤਰਨ ਖਰਚਿਆਂ ਦੀ ਭਰਪਾਈ ਕਰੇਗੀ, ਸੰਭਾਵਤ ਤੌਰ 'ਤੇ ਸਾਲਾਨਾ ਦਸਿਓ ਮਿਲੀਅਨ ਦੇ ਮੱਧ ਪੱਧਰ ਤੱਕ ਪਹੁੰਚ ਸਕਦੇ ਹਨ।

☐ ਹਾਂ

☐ ਨਹੀਂ

**ਪਰ੍ਸਤਾਵ 28**

**ਪਬਲਿਕ ਸਕੂਲਾਂ ਵਿੱਚ ਕਲਾ ਅਤੇ ਸੰਗੀਤ ਸਿੱਖਿਆ ਲਈ ਵਾਧੂ ਫੰਡਿੰਗ ਪਰ੍ਦਾਨ ਕਰਦਾ ਹੈ। ਪਹਿਲ ਕਾਨੂੰਨ।** ਸਾਰੇ K-12 ਪਬਲਿਕ ਸਕੂਲਾਂ (ਚਾਰਟਰ ਸਕੂਲਾਂ ਸਮੇਤ) ਵਿੱਚ ਕਲਾ ਅਤੇ ਸੰਗੀਤ ਦੀ ਸਿੱਖਿਆ ਲਈ ਸਟੇਟ ਜਨਰਲ ਫੰਡ ਤੋਂ ਵਾਧੂ ਫੰਡ ਪਰ੍ਦਾਨ ਕਰਦਾ ਹੈ। **ਮਾਲੀ ਪਰ੍ਭਾਵ:** ਅਗਲੇ ਸਾਲ ਤੋਂ ਸ਼ੁਰੂ ਕਰਦੇ ਹੋਏ, ਪਬਲਿਕ ਸਕੂਲਾਂ ਵਿੱਚ ਕਲਾ ਦੀ ਸਿੱਖਿਆ ਲਈ ਸਾਲਾਨਾ ਲਗਭਗ $1 ਬਿਲੀਅਨ ਦੀ ਰਾਜ ਦੀ ਲਾਗਤ ਵਿੱਚ ਵਾਧਾ।

☐ ਹਾਂ

☐ ਨਹੀਂ

**ਪਰ੍ਸਤਾਵ 29**

**ਕਿਡਨੀ ਡਾਈਲਿਸਿਸ ਕਲੀਨਿਕਾਂ ਵਿੱਚ ਸਾਈਟ 'ਤੇ ਮੈਡੀਕਲ ਪੇਸ਼ੇਵਰ ਦੇ ਮੌਜੂਦ ਹੋਣ ਨੂੰ ਜ਼ਰੂਰੀ ਬਣਾਉਂਦਾ ਹੈ ਅਤੇ ਰਾਜ ਦੀਆਂ ਹੋਰ ਲੋੜਾਂ ਨੂੰ ਸਥਾਪਤ ਕਰਦਾ ਹੈ।** ਪਹਿਲ ਕਾਨੂੰਨ। ਡਾਇਲਸਿਸ ਦੇ ਇਲਾਜ ਦੇ ਦੌਰਾਨ ਡਾਕਟਰ, ਨਰਸ ਪਰ੍ਰੈਕਟੀਸ਼ਨਰ ਜਾਂ ਡਾਕਟਰ ਦੇ ਸਹਾਇਕ ਦਾ ਸਾਈਟ 'ਤੇ ਮੌਜੂਦ ਹੋਣਾ ਜ਼ਰੂਰੀ ਬਣਾਉਂਦਾ ਹੈ। ਕਲੀਨਿਕਾਂ ਲਈ ਲੋੜੀਂਦਾ ਬਣਾਉਂਦਾ ਹੈ: ਡਾਕਟਰਾਂ ਦੇ ਮਾਲਕੀ ਹਿੱਤਾਂ ਦਾ ਖੁਲਾਸਾ ਕਰਨਾ; ਲਾਗ ਸੰਬੰਧੀ ਡੇਟਾ ਦੀ ਰਿਪੋਰਟ ਕਰਨਾ। **ਮਾਲੀ ਪਰ੍ਭਾਵ:** ਰਾਜ ਅਤੇ ਸਥਾਨਕ ਸਰਕਾਰ ਦੀਆਂ ਲਾਗਤਾਂ ਵਿੱਚ ਸੰਭਾਵਤ ਤੌਰ ਤੇ ਸਾਲਾਨਾ ਕੁਝ ਦਸਿਓ ਮਿਲੀਅਨ ਡਾਲਰਾਂ ਦਾ ਵਾਧਾ।

☐ ਹਾਂ

☐ ਨਹੀਂ

**ਪਰ੍ਸਤਾਵ 30**

**$2 ਮਿਲੀਅਨ ਤੋਂ ਵੱਧ ਨਿੱਜੀ ਆਮਦਨ ਵਾਲੇ ਲੋਕਾਂ 'ਤੇ ਟੈਕਸ ਵਧਾ ਕੇ ਹਵਾ ਦੇ ਪਰ੍ਦੂਸ਼ਣ ਨੂੰ ਘਟਾਉਣ ਅਤੇ ਜੰਗਲ ਵਿੱਚ ਲਗਣ ਵਾਲੀ ਅੱਗ ਨੂੰ ਰੋਕਣ ਦੇ ਪਰ੍ਰੋਗਰਾਮਾਂ ਲਈ ਫੰਡਿੰਗ ਪਰ੍ਦਾਨ ਕਰਦਾ ਹੈ। ਪਹਿਲ ਕਾਨੂੰਨ।** ਜ਼ੀਰੋ-ਨਿਕਾਸ ਵਾਲੇ ਵਾਹਨਾਂ ਦੀ ਖਰੀਦ ਲਈ ਪਰ੍ਰੋਤਸਾਹਨ ਦੇਣ ਲਈ, ਵਾਹਨ ਚਾਰਜਿੰਗ ਸਟੇਸ਼ਨਾਂ, ਅਤੇ ਜੰਗਲ ਵਿੱਚ ਲਗਣ ਵਾਲੀ ਅੱਗ ਦੀ ਰੋਕਥਾਮ ਕਰਨ ਲਈ ਟੈਕਸ ਤੋਂ ਹੋਣ ਵਾਲੀ ਆਮਦਨ ਦੀ ਵੰਡ ਨੂੰ ਨਿਰਧਾਰਤ ਕਰਦਾ ਹੈ। **ਮਾਲੀ ਪਰ੍ਭਾਵ:** ਜ਼ੀਰੋ-ਨਿਕਾਸੀ ਵਾਲੇ ਵਾਹਨ ਦੇ ਪਰ੍ਰੋਗਰਾਮਾਂ ਅਤੇ ਜੰਗਲ ਵਿੱਚ ਲਗੀ ਅੱਗ ਤੇ ਪਰ੍ਤੀਕਿਰਿਆ ਕਰਨ ਅਤੇ ਰੋਕਥਾਮ ਦੀਆਂ ਗਤੀਵਿਧੀਆਂ ਦਾ ਸਮਰਥਨ ਕਰਨ ਲਈ ਵਰਤੇ ਜਾਣ ਵਾਲੀ ਨਵੀਂ ਫੰਡਿੰਗ ਦੇ ਨਾਲ, ਰਾਜ ਦੀ ਟੈਕਸ ਤੋਂ ਹੋਈ ਆਮਦਨ ਵਿੱਚ ਸਾਲਾਨਾ $3.5 ਬਿਲੀਅਨ ਤੋਂ $5 ਬਿਲੀਅਨ ਤੱਕ ਦਾ ਵਾਧਾ।

☐ ਹਾਂ

☐ ਨਹੀਂ

**ਪਰ੍ਸਤਾਵ 31**

**2020 ਦੇ ਕਾਨੂੰਨ 'ਤੇ ਜਨਮਤ ਸੰਗ੍ਰਹਿ ਜੋ ਕੁਝ ਖਾਸ ਸੁਆਦ ਵਾਲੇ ਤੰਬਾਕੂ ਉਤਪਾਦਾਂ ਦੀ ਪਰ੍ਚੂਨ ਵਿਕਰੀ 'ਤੇ ਰੋਕ ਲਗਾਉਂਦਾ ਹੈ।** ਕੁਝ ਖਾਸ ਸੁਆਦ ਵਾਲੇ ਤੰਬਾਕੂ ਉਤਪਾਦਾਂ ਦੀ ਪਰ੍ਚੂਨ ਵਿਕਰੀ 'ਤੇ ਰੋਕ ਲਗਾਉਣ ਵਾਲੇ 2020 ਦੇ ਇੱਕ ਕਾਨੂੰਨ ਨੂੰ, ਇੱਕ "ਹਾਂ" ਦਾ ਵੋਟ ਮਨਜ਼ੂਰੀ ਦਿੰਦਾ ਹੈ, ਅਤੇ ਇੱਕ "ਨਹੀਂ" ਦਾ ਵੋਟ ਨਾਮਨਜ਼ੂਰ ਕਰਦਾ ਹੈ। **ਮਾਲੀ ਪਰ੍ਭਾਵ:** ਰਾਜ ਦੇ ਤੰਬਾਕੂ ਟੈਕਸ ਦੀ ਆਮਦਨ ਵਿੱਚ ਸਾਲਾਨਾ ਦਸਿਓ ਮਿਲੀਅਨ ਡਾਲਰਾਂ ਤੋਂ ਲੈ ਕੇ $100 ਮਿਲੀਅਨ ਸਾਲਾਨਾ ਤੱਕ ਦੀ ਕਮੀ।

☐ ਹਾਂ

☐ ਨਹੀਂ

**ਸਿਟੀ**

**ਸਿਟੀ ਔਫ਼ WOODLAND ਵਿਧੇਯਕ J**

ਕੀ ਸਿਟੀ ਔਫ਼ Woodland ਦੇ ਸ਼ਹਿਰੀ ਕੌਂਸਲ ਮੈਂਬਰਾਂ ਦੀ ਤਨਖਾਹ ਨੂੰ $250 ਤੋਂ ਵਧਾ ਕੇ $500 ਪਰ੍ਤੀ ਮਹੀਨਾ ਕਰ ਦਿੱਤਾ ਜਾਏਗਾ, ਅਤੇ ਭਵਿੱਖ ਵਿੱਚ ਰਾਜ ਦੇ ਕਾਨੂੰਨ ਦੇ ਅਨੁਸਾਰ ਸ਼ਹਿਰੀ ਆਰਡੀਨੈਂਸ ਦੁਆਰਾ ਸਮਾਯੋਜਿਤ ਕੀਤਾ ਜਾਵੇਗਾ?

☐ ਹਾਂ

☐ ਨਹੀਂ

**ਸਿਟੀ ਔਫ਼ WOODLAND ਵਿਧੇਯਕ K**

ਕੀ ਸ਼ਹਿਰੀ ਸੇਵਾਵਾਂ, ਜਿਵੇਂ ਕਿ ਕਾਨੂੰਨ ਲਾਗੂ ਕਰਨ, ਪਾਰਕ, ਨੌਜਵਾਨ/ਸੀਨੀਅਰ ਸੇਵਾਵਾਂ, ਅਤੇ ਸੜਕਾਂ ਦੀ ਮੁਰੰਮਤ, ਵਿੱਚ ਸੁਧਾਰ ਕਰਨ ਲਈ, ਅਤੇ ਆਮ ਸਰਕਾਰੀ ਵਰਤੋਂ ਲਈ, ਵੋਟਰਾਂ ਦੁਆਰਾ ਸਮਾਪਤ ਕੀਤੇ ਜਾਣ ਤੱਕ, ਕੈਨਾਬਿਸ ਕਾਰੋਬਾਰਾਂ ਦੀਆਂ ਕੁੱਲ ਰਸੀਦਾਂ 'ਤੇ 10% ਤੱਕ ਟੈਕਸ ਲਗਾਉਣ ਵਾਲੇ ਵਿਧੇਯਕ ਨੂੰ ਅਪਣਾਇਆ ਜਾਵੇਗਾ?

☐ ਹਾਂ

☐ ਨਹੀਂ

**ਬੈਲਟ ਦੀ ਸਮਾਪਤੀ**